# की डरना उस मौत तों जिन ओना ही ओना

ਜਾਓ ਮੇਰੇ ਪੋਤਿਓ, ਤੁਸੀਂ ਨਾ ਘਬਰਾਉਣਾ ॥
ਕੀ ਡਰਨਾ ਉਸ ਮੌਤ ਤੋਂ, ਜਿੰਨ ਆਉਣਾ ਹੀ ਆਉਣਾ ॥

ਸਾਡੇ ਘਰ ਦੀ ਰੀਤ ਹੈ, ਅਸੀਂ ਜ਼ੁਲਮ ਸਹਾਰੇ ॥
ਜਿੱਤਿਆ ਸੱਚ ਅਖ਼ੀਰ ਨੂੰ, ਪਾਪੀ ਸਭ ਹਾਰੇ ॥
ਸੱਚ ਸਬਰ ਨੂੰ ॥, ਪਾਪੀਆਂ ਨੇ, ਫਿਰ ਅਜ਼ਮਾਉਣਾ ॥
ਕੀ ਡਰਨਾ ਉਸ ਮੌਤ ਤੋਂ, ਜਿੰਨ ਆਉਣਾ ਹੀ ਆਉਣਾ ॥

ਪੋਤੇ ਹੋ ਮੇਰੇ ਸੂਰਮੇ, ਭਾਵੇਂ ਉਮਰ ਨਿਆਣੀ ॥
ਅਸੀਂ ਲਿਖਾਂਗੇ ਅਣਖ ਦੀ, ਇੱਕ ਹੋਰ ਕਹਾਣੀ ॥
ਏਸੇ ਉਮਰੇ ॥, ਸ਼ਹੀਦੀਆਂ ਦਾ, ਰੁਤਬਾ ਪਾਉਣਾ ॥
ਕੀ ਡਰਨਾ ਉਸ ਮੌਤ ਤੋਂ, ਜਿੰਨ ਆਉਣਾ ਹੀ ਆਉਣਾ ॥

ਲਹੂ ਤੁਹਾਡਾ ਜਿਸ ਵੇਲੇ, ਨੀਹਾਂ ਵਿੱਚ ਚੋਣਾਂ ॥
ਕਾਰਜ਼ ਮੇਰੀ ਜਿੰਦਗੀ, ਦਾ ਪੂਰਾ ਹੋਣਾ ॥
ਜਾਇਓ ਮੈਨੂੰ, ਉਡੀਕ ਕੇ, ਮੈਂ ਮਗਰੇ ਆਉਣਾ ॥
ਕੀ ਡਰਨਾ ਉਸ ਮੌਤ ਤੋਂ, ਜਿੰਨ ਆਉਣਾ ਹੀ ਆਉਣਾ ॥
ਜਾਇਓ ਮੈਨੂੰ, ਉਡੀਕ ਕੇ, ਮੈਂ ਮਗਰੇ ਆਉਣਾ ।
ਮਾਂ ਸਦਕੇ ਮਾਂ, ਮਰ ਜਾਏ, ਮੈਂ ਮਗਰੇ ਆਉਣਾ ।
ਮੈਂ ਕੀ ਕਰਨੀ, ਜਿੰਦਗੀ, ਮੈਂ ਮਗਰੇ ਆਉਣਾ ।
ਮੇਰਾ ਜੀ ਨਹੀਂ, ਲੱਗਣਾ, ਮੈਂ ਮਗਰੇ ਆਉਣਾ ।
ਮੈਂ ਵੀ ਆਪਣੇ, ਪੋਤਰਿਆਂ ਦੇ, ਮਗਰੇ ਆਉਣਾ
ਮਾਂ ਸਦਕੇ ਮਾਂ, ਮਰ ਜਾਏ, ਮੈਂ ਮਗਰੇ ਆਉਣਾ ।

ਅਪਲੋਡਰ- ਅਨਿਲਰਾਮੂਰਤੀਭੋਪਾਲ


https://bhajanganga.com/bhajan/lyrics/id/29873/title/ki-darna-us-maut-to-jin-auna-hi-auna

अपने Android मोबाइल पर BhajanGanga App डाउनलोड करें और भजनों का आनंद ले |